Short Notes

## ਸਰਗਮ ਗੀਤ

(i)

ਸਰਗਮ ਨੂੰ 'ਸੁਰ ਮਾਲਿਕਾ' ਜਾਂ 'ਸੁਰਾਵਰਤ' ਵੀ ਕਿਹਾ ਜਾਂਦਾ ਹੈ। ਕਿਸੇ ਵੀ ਬੰਦਿਸ਼ ਦੇ ਸਵਰਾਂ ਨੂੰ ਲੈ ਕੇ, ਉਨ੍ਹਾਂ ਨੂੰ ਜਦੋਂ ਰਾਗ - ਤਾਲ ਬੱਧ ਕਰਕੇ ਗਾਇਆ ਜਾਂਦਾ ਹੈ; ਤਾਂ ਉਸ ਨੂੰ ਸਰਗਮ ਜਾਂ ਸਰਗਮ - ਗੀਤ ਕਹਿੰਦੇ ਹਨ। ਸਰਗਮ ਗੀਤ ਵਿੱਚ ਖ਼ਿਆਲ ਵਾਂਗ ਸਥਾਈ ਜਾਂ ਕਿਸੇ ਗੀਤ ਦੇ ਬੋਲ ਨਹੀਂ ਹੁੰਦੇ, ਕੇਵਲ ਸਵਰ ਰਚਨਾ ਹੀ ਹੁੰਦੀ ਹੈ। ਸਰਗਮ-ਗੀਤ ਭਿੰਨ - ਭਿੰਨ ਰਾਗਾਂ ਅਤੇ ਤਾਲਾਂ ਵਿੱਚ ਹੁੰਦੇ ਹਨ। ਸਰਗਮ ਗੀਤ ਗਾਉਣ ਨਾਲ ਵਿਦਿਆਰਥੀਆ ਨੂੰ ਸਵਰ - ਗਿਆਨ ਅਤੇ ਰਾਗ - ਗਿਆਨ ਵਿੱਚ ਬਹੁਤ ਸਹਾਇਤਾ ਮਿਲਦੀ ਹੈ।

ਸਰਗਮ ਗੀਤਾਂ ਨੂੰ ਆਮ ਤੌਰ ਤੇ ਖ਼ਿਆਲ ਦੀਆਂ ਚੀਜ਼ਾਂ ਵਾਂਗ ਮਹੱਤਵ ਨਹੀਂ ਦਿੱਤਾ ਜਾਂਦਾ। ਵਿਦਿਆਲਿਆ ਵਿੱਚ ਆਮ ਤੌਰ ਤੇ ਵਿਦਿਆਰਥੀਆ ਨੂੰ ਕਿਸੇ ਖ਼ਿਆਲ ਦੀ ਬੰਦਿਸ਼ ਸਿਖਾਉਣ ਸਮੇਂ, ਸਿੱਧਾ ਰਾਗ ਦੀ ਚੀਜ਼ ਹੀ ਸਿਖਾਈ ਜਾਂਦੀ ਹੈ ਪਰੰਤੂ ਬੰਦਿਸ਼ ਸਿਖਾਉਣ ਤੋਂ ਪਹਿਲਾਂ, ਜੇਕਰ ਉਸ ਬੰਦਿਸ਼ ਦੀ ਸਰਗਮ ਨੂੰ ਤਾਲਬੱਧ ਰੂਪ ਵਿੱਚ ਵਿਦਿਆਰਥੀਆਂ ਨੂੰ ਗਾਉਣ ਲਈ ਕਿਹਾ ਜਾਵੇ, ਤਾਂ ਉਨ੍ਹਾਂ ਨੂੰ ਬੰਦਿਸ਼ ਦੀ ਸਵਰਲਿਪੀ ਸਰਲਤਾ ਪੂਰਵਕ ਯਾਦ ਹੋ ਜਾਵੇਗੀ। ਉਹ ਬੰਦਿਸ਼ ਗਾਉਣ ਸਮੇਂ, ਬੰਦਿਸ਼ ਦੀ ਹਰੇਕ ਸੂਖਮ ਹਰਕਤ ਬੜੀ ਸਰਲਤਾ ਨਾਲ ਲੈ ਲੈਣਗੇ ਅਤੇ ਬੰਦਿਸ਼ ਨੂੰ ਵੀ ਵਧੇਰੇ ਸੁਰ ਵਿੱਚ ਗਾਉਣਗੇ। ਇਹੀ ਕਾਰਨ ਸੀ ਕਿ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਨੇ ਸਰਗਮ ਗੀਤਾਂ ਨੂੰ ਸੰਗੀਤ ਸਿੱਖਿਆ ਦਾ ਜ਼ਰੂਰੀ ਅੰਗ ਸਮਝ ਕੇ, ਆਪਣੇ ਸੰਗੀਤ ਵਿਦਿਆਲਿਆ ਵਿੱਚ, ਇਨ੍ਹਾਂ ਨੂੰ ਪਾਠਕ੍ਰਮ ਵਿੱਚ ਸ਼ਾਮਿਲ ਕੀਤਾ। ਅੱਜ ਸੰਸਥਾਗਤ ਸੰਗੀਤ ਸਿੱਖਿਆ ਦੇ ਪਾਠਕ੍ਰਮਾਂ ਵਿੱਚ ਸਰਗਮ ਗੀਤਾਂ ਦਾ ਵਧੇਰੇ ਤੌਰ ਤੇ ਉਲੇਖ ਨਹੀਂ ਕੀਤਾ ਹੁੰਦਾ ਅਤੇ ਨਾ ਹੀ ਪ੍ਰੈਕਟੀਕਲ ਪ੍ਰੀਖਿਆ ਵਿੱਚ ਪ੍ਰੀਖਿਅਕ ਇਸ ਨੂੰ ਸੁਣਨ ਵਿੱਚ ਕੋਈ ਦਿਲਚਸਪੀ ਦਿਖਾਉਂਦੇ ਹਨ। ਸਰਗਮ ਗੀਤਾ ਕੋ ਦਾ ਜੇਕਰ ਪਾਠਕ੍ਰਮ ਵਿੱਚ ਵਿਸ਼ੇਸ਼ ਕਰ ਦਿੱਤਾ ਜਾਵੇ, ਤਾਂ ਸਿਖਾਉਂਦੇ ਸਮੇਂ ਸਿਖਿਅਕ ਵੀ ਸਰਗਮ ਗੀਤਾਂ ਨਾਲ ਖ਼ਿਆਲ ਦੇ ਕੇ ਸਿਖਾਉਣਗੇ। ਇਸ ਤਰ੍ਹਾਂ ਸੰਗੀਤ ਸਿੱਖਿਆ ਨੂੰ ਵਧੇਰੇ ਸਰਲ ਅਤੇ ਰੋਚਕ ਬਣਾਇਆ ਜਾ ਸਕੇਗਾ।

# ਲਕਸ਼ਣ ਗੀਤ

(ii)

ਜਿਵੇਂ ਕਿ ਲਕਸ਼ਣ ਗੀਤ ਦੇ ਨਾਮ ਤੋਂ ਹੀ ਸਪੱਸ਼ਟ ਹੁੰਦਾ ਹੈ, 'ਲਕਸ਼ਣ' ਜਾਂ 'ਲੱਛਣ ਦੱਸਣ ਵਾਲਾ ਗੀਤ'। ਕਹਿਣ ਦਾ ਭਾਵ ਹੈ ਕਿ ਜਦੋਂ ਕੋਈ ਗੀਤ ਰਾਗ ਦੇ ਲੱਛਣਾਂ ਦਾ ਸਪੱਸ਼ਟ ਵਰਨਣ ਕਰੇ, ਤਾਂ ਉਸ ਨੂੰ ਲਕਸ਼ਣ ਗੀਤ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਕਿਸੇ ਵੀ ਰਾਗ ਦੀ ਬੰਦਿਸ਼ ਜਾਂ ਗੀਤ ਦੇ ਸ਼ਬਦਾਂ ਵਿੱਚ ਜਦੋਂ ਰਾਗ ਦੇ ਸਵਰ, ਵਾਦੀ, ਸੰਵਾਦੀ, ਵਰਜਿਤ ਸਵਰ, ਰਾਗ ਦੀ ਜਾਤੀ, ਉਸਦਾ ਗਾਇਨ ਸਮਾਂ ਆਦਿ ਲੱਛਣਾਂ ਦਾ ਸਪੱਸ਼ਟ ਵਰਣਨ ਹੁੰਦਾ ਹੈ। ਤਾਂ ਉਸਨੂੰ ਰਾਗ ਦੇ ਲੱਛਣ ਦੱਸਣ ਵਾਲਾ ਗੀਤ ਜਾਂ ਲਕਸ਼ਣ ਗੀਤ ਕਿਹਾ ਜਾਂਦਾ ਹੈ।

ਲਕਸ਼ਣ ਗੀਤਾਂ ਦੀ ਰਚਨਾ ਵੀ ਛੋਟੇ ਖਿਆਲ ਦੀ ਤਰ੍ਹਾਂ ਸਥਾਈ ਅਤੇ ਅੰਤਰਾ ਦੇ ਭਾਗਾਂ ਵਿੱਚ ਕੀਤੀ ਜਾਂਦੀ ਹੈ। ਗੀਤ ਦੇ ਸ਼ਬਦਾਂ ਵਿੱਚ ਹੀ ਰਾਗ ਸ੍ਰੀ ਦੇ ਸੰਪੂਰਨ ਲੱਛਣਾਂ ਦਾ ਵਰਨਣ ਹੁੰਦਾ ਹੈ, ਇਸ ਕਾਰਨ, ਇਹਨਾਂ ਗੀਤਾਂ ਤੋਂ ਰਾਗ ਦੇ ਸ਼ਾਸਤਰ ਪੱਖ ਦੀ ਅਨੇਕ ਚੰਗੀ ਜਾਣਕਾਰੀ ਸੁਭਾਵਿਕ ਹੀ ਹੋ ਜਾਂਦੀ ਹੈ। ਕੁਝ ~~ਲ~~ ਲਕਸ਼ਣ ਗੀਤ ਧਰੁਪਦ ਅੰਗ ਤੋਂ ਅਤੇ ਕੁਝ ਖਿਆਲ ਅੰਗ ਤੋਂ ਗਾਏ ਜਾਂਦੇ ਹਨ। ਲਕਸ਼ਣ ਗੀਤਾਂ ਦੀ ਰਚਨਾ ਕਿਸੇ ਵੀ ਰਾਗ ਵਿੱਚ ਹੋ ਸਕਦੀ ਹੈ ਅਤੇ ਇਸ ਨੂੰ ਕਿਸੇ ਵੀ ਤਾਲ ਵਿੱਚ ਨਿਬੱਧ ਕਰਕੇ ਗਾਇਆ ਜਾ ਸਕਦਾ ਹੈ।

ਭਾਰਤੀ ਸੰਗੀਤ ਵਿੱਚ ਲਕਸ਼ਣ ਗੀਤਾਂ ਦੀ ਪਰੰਪਰਾ ਕਾਫ਼ੀ ਪੁਰਾਣੀ ਹੈ। ਤਾਨਸੇਨ, ਬੈਜੂ ਬਾਵਰਾ, ਨਾਇਕ ਗੋਪਾਲ, ਚਿੰਤਾਮਣੀ ਮਿਸ਼ਰ ਆਦਿ ਮਹਾਨ ਗਾਇਕਾਂ ਦੇ ਰਚੇ ਹੋਏ ਧਰੁਪਦ ਅੰਗ ਦੇ ਲਕਸ਼ਣ ਗੀਤ ਮਿਲਦੇ ਹਨ ਪਰੰਤੂ ਆਧੁਨਿਕ ਕਾਲ ਦੇ ਮਹਾਨ ਸਿੱਖਿਆ ਸ਼ਾਸਤਰੀ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਨੇ ਸੰਗੀਤ ਦੀ ਸਿੱਖਿਆ ਲਈ ਲਕਸ਼ਣ ਗੀਤਾਂ ਨੂੰ ਬਹੁਤ ਮਹੱਤਵ ਦਿੱਤਾ।

ਇਸ ਲਈ ਪੰਡਿਤ ਭਾਤਖੰਡੇ ਨੇ ਆਪਣੀਆਂ ਸਿੱਖਿਆ ਸੰਸਥਾਵਾਂ ਵਿੱਚ ਲਕਸ਼ਣ ਗੀਤਾਂ ਨੂੰ ਸੰਗੀਤ ਸਿੱਖਿਆ ਦਾ ਇੱਕ ਜ਼ਰੂਰੀ ਅੰਗ ਮੰਨਿਆ ਅਤੇ ਇਹਨਾਂ ਨੂੰ ਸੰਗੀਤ ਸਿੱਖਿਆ ਦਾ ਸਿਲੇਬਸ ਬਣਾਇਆ। ਉਹਨਾਂ ਦੇ ਰਚੇ ਲਕਸ਼ਣ ਗੀਤ ਉਹਨਾਂ ਦੀਆਂ ਪੁਸਤਕਾਂ 'ਲਕਸ਼ਣ ਗੀਤ ਸੰਗ੍ਰਹਿ', 'ਕ੍ਰਮਿਕ ਪੁਸਤਕ ਮਾਲਿਕਾ' ਅਤੇ 'ਗੀਤ ਮਾਲਿਕਾ' ਵਿੱਚ ਮਿਲਦੇ ਹਨ। ਪੰਡਿਤ ਭਾਤਖੰਡੇ ਰਚਿਤ ਲਕਸ਼ਣ ਗੀਤਾਂ ਦੀ, ਉਹਨਾਂ ਦੇ ਸਮਕਾਲੀ ਗਾਇਕਾਂ, ਵਾਦਕਾਂ ਨੇ ਵੀ ਬਹੁਤ ਪ੍ਰਸ਼ੰਸਾ ਕੀਤੀ ਹੈ। ਪ੍ਰਸਿੱਧ ਸਾਰੰਗੀ ਵਾਦਕ ਬੰਦੂ ਖਾਂ ਆਦਿ ਨੇ ਪੰਡਿਤ ਜੀ ਤੋਂ ਅਨੇਕ ਲਕਸ਼ਣ ਗੀਤਾਂ ਦੀ ਸਿੱਖਿਆ ਲਈ।

ਲਕਸ਼ਣ ਗੀਤਾਂ ਦੇ ਅਨੇਕ ਪੱਖੀ ਮਹੱਤਵ

Page No.:

Date:

ਨੂੰ ਦੇਖਦੇ ਹੋਏ , ਪੰਡਤ ਭਾਤਖੰਡੇ ਨੇ ਸਿੱਖਿਆ ਸੰਸਥਾਵਾਂ ਵਿੱਚ , ਇਹਨਾਂ ਨੂੰ ਸੰਗੀਤ ਸਿੱਖਿਆ ਦਾ ਇੱਕ ਜ਼ਰੂਰੀ ਅੰਗ ਮੰਨਿਆ ਪਰੰਤੂ ਔਪਚਾਰਕ ਸਿੱਖਿਆ ਸੰਸਥਾਵਾਂ ਵਿੱਚ ਕਿਰਿਆਤਮਕ ਸੰਗੀਤ ਲਈ ਨਿਰਧਾਰਿਤ ਪਾਠਕ੍ਰਮ ਵਿੱਚ ਲਕਸ਼ਣ ਗੀਤ , ਲਗਭਗ ਜਾ ਦੇ ਧਮਾਧਰ ਹੀ ਸ਼ਾਮਿਲ ਕੀਤੇ ਜਾਂਦੇ ਹਨ। ਇਹ ਇਸ ਗਾਇਨ ਸ਼ੈਲੀ ਨੂੰ ਕੋਈ ਵਿਸ਼ੇਸ਼ ਮਹੱਤਵ ਨਾ ਦਿੱਤੇ ਜਾਣ ਦਾ ਪ੍ਰਮਾਣ ਹੈ।